# ਵਿਵਾਦ ਨਿਪਟਾਰਾ - ਸੁਣਵਾਈ ਦੌਰਾਨ ਅਤੇ ਬਾਅਦ ਵਿੱਚ


TRAC
TENANT RESOURCE & ADVISORY CENTRE

Unit #150-900 Howe St
Vancouver, BC V6Z 2M4

1-800-665-1185
tenants.bc.ca




**ਆਰਬਿਟਰੇਟਰ** (ਸਾਲਸ) ਜੱਜ ਵਾਂਗ ਫੈਸਲਾ ਕਰਨ ਵਾਲਾ ਹੁੰਦਾ ਹੈ। ਉਹਨਾਂ ਨੂੰ ਰਿਹਾਇਸ਼ੀ ਕਿਰਾਏਦਾਰੀ ਸ਼ਾਖਾ (ਰੈਜ਼ੀਡੈਂਸ਼ੀਅਲ ਟੈਨੈਂਸੀ ਬਰਾਂਚ -ਆਰ ਟੀ ਬੀ) ਦੁਆਰਾ ਮਕਾਨ ਮਾਲਕਾਂ ਅਤੇ ਕਿਰਾਏਦਾਰਾਂ ਵਿਚਕਾਰ ਕਾਨੂੰਨੀ ਵਿਵਾਦਾਂ 'ਤੇ ਸੁਣਵਾਈਆਂ ਕਰਨ ਅਤੇ ਜ਼ਰੂਰੀ ਫੈਸਲੇ ਲੈਣ ਲਈ ਨਿਯੁਕਤ ਕੀਤਾ ਜਾਂਦਾ ਹੈ।

## ਸੁਣਵਾਈ ਵਿੱਚ ਸ਼ਾਮਲ ਹੋਣਾ

ਸੁਣਵਾਈਆਂ ਫ਼ੋਨ 'ਤੇ ਹੁੰਦੀਆਂ ਹਨ, ਜਦੋਂ ਤੱਕ ਕਿ ਕਿਸੇ ਹੋਰ ਪ੍ਰਬੰਧ ਲਈ ਬੇਨਤੀ ਨਾ ਕੀਤੀ ਜਾਵੇ।

**ਤੁਹਾਨੂੰ ਫੋਨ ਨਹੀਂ ਕੀਤਾ ਜਾਵੇਗਾ - ਤੁਹਾਨੂੰ ਖੁਦ ਫ਼ੋਨ ਕਰਨਾ ਪਵੇਗਾ!**

ਵਿਵਾਦ ਨਿਪਟਾਰਾ ਕਾਰਵਾਈ ਪੈਕੇਜ ਦੇ ਨੋਟਿਸ 'ਤੇ ਸ਼ਾਮਲ ਹੋਣ ਲਈ ਡਾਇਲ ਕਰਨ ਵਾਲਾ ਫੋਨ ਨੰਬਰ ਦੇਖੋ।

ਸੁਣਵਾਈਆਂ ਆਮ ਤੌਰ 'ਤੇ ਇੱਕ ਘੰਟਾ ਚੱਲਦੀਆਂ ਹਨ ਪਰ ਕਈ ਵਾਰ ਇਹਨਾਂ ਨੂੰ ਵਧਾਇਆ ਜਾਂ "ਮੁਲਤਵੀ" ਕੀਤਾ ਜਾ ਸਕਦਾ ਹੈ, ਜਿਸ ਦਾ ਅਰਥ ਹੈ ਰੋਕੀਆਂ ਹੋਈਆਂ, ਅਤੇ ਬਾਅਦ ਦੀ ਮਿਤੀ 'ਤੇ ਜਾਰੀ ਰੱਖੀਆਂ ਜਾਈਆਂ।


## ਸੁਣਵਾਈ ਦਾ ਆਮ ਢਾਂਚਾ

1. ਆਰਬਿਟਰੇਟਰ ਆਪਣੀ ਜਾਣ-ਪਛਾਣ ਕਰਾਉਂਦਾ ਹੈ ਅਤੇ ਕਿਰਾਏਦਾਰ, ਮਕਾਨ ਮਾਲਕ ਅਤੇ ਜੇ ਕੋਈ ਗਵਾਹ ਹੋਣ ਉਨ੍ਹਾਂ ਨੂੰ ਆਪਣੀ ਜਾਣ-ਪਛਾਣ ਕਰਵਾਉਣ ਲਈ ਕਹਿੰਦਾ ਹੈ।
2. ਆਰਬਿਟਰੇਟਰ ਕਾਰਵਾਈ ਸੰਬੰਧੀ ਮੁੱਦਿਆਂ 'ਤੇ ਵਿਚਾਰ ਕਰਦਾ ਹੈ, ਜਿਵੇਂ ਕਿ ਕੀ ਦਸਤਾਵੇਜ਼ ਸਹੀ ਢੰਗ ਨਾਲ ਅਤੇ ਸਮੇਂ ਸਿਰ ਪੇਸ਼ ਕੀਤੇ ਗਏ ਸਨ।
3. ਮਕਾਨ ਮਾਲਕ ਅਤੇ ਕਿਰਾਏਦਾਰ ਆਪਣੇ ਸਬੂਤ ਪੇਸ਼ ਕਰਦੇ ਹਨ ਅਤੇ ਦੱਸਦੇ ਹਨ ਕਿ ਕਾਨੂੰਨ ਉਨ੍ਹਾਂ ਦੇ ਮੁੱਦਿਆਂ 'ਤੇ ਕਿਵੇਂ ਲਾਗੂ ਹੁੰਦਾ ਹੈ।
4. ਆਰਬਿਟਰੇਟਰ ਕਿਰਾਏਦਾਰ, ਮਕਾਨ ਮਾਲਕ ਅਤੇ ਉਨ੍ਹਾਂ ਦੇ ਗਵਾਹਾਂ ਤੋਂ ਸਵਾਲ ਪੁੱਛ ਸਕਦਾ ਹੈ। ਫਿਰ ਮਕਾਨ ਮਾਲਕ ਅਤੇ ਕਿਰਾਏਦਾਰ ਦੋਵੇਂ ਆਰਬਿਟਰੇਟਰ ਤੋਂ ਇੱਕ ਦੂਜੇ ਜਾਂ ਗਵਾਹਾਂ ਤੋਂ ਪੁੱਛਗਿੱਛ ਕਰਨ ਦੀ ਇਜਾਜ਼ਤ ਮੰਗ ਸਕਦੇ ਹਨ।
5. ਜਦੋਂ ਹੀ ਮਕਾਨ ਮਾਲਕ ਅਤੇ ਕਿਰਾਏਦਾਰ ਆਪਣੇ ਸਬੂਤ ਅਤੇ ਦਲੀਲਾਂ ਪੇਸ਼ ਕਰ ਲੈਂਦੇ ਹਨ, ਤਾਂ ਸੁਣਵਾਈ ਸਮਾਪਤ ਹੋ ਜਾਂਦੀ ਹੈ।
6. ਆਰਬਿਟਰੇਟਰ ਆਮ ਤੌਰ 'ਤੇ 30 ਦਿਨਾਂ ਦੇ ਅੰਦਰ ਲਿਖਤੀ ਰੂਪ ਵਿੱਚ ਫੈਸਲਾ ਦਿੰਦਾ ਹੈ।

### ਸਬੂਤ ਪੇਸ਼ ਕਰਦੇ ਸਮੇਂ:

- **ਆਪਣੇ ਸਬੂਤਾਂ ਵੱਲ ਸਿੱਧਾ ਧਿਆਨ ਦਿਵਾਉਣ ਲਈ** ਖਾਸ ਪੰਨਾ ਨੰਬਰਾਂ ਜਾਂ ਫਾਈਲਾਂ ਦੇ ਨਾਂ ਦੱਸੋ। ਜੇਕਰ ਤੁਸੀਂ ਸੁਣਵਾਈ ਦੌਰਾਨ ਉਹਨਾਂ ਦਾ ਇਸ ਵੱਲ ਧਿਆਨ ਨਹੀਂ ਦਿਵਾਉਂਦੇ, ਤਾਂ ਆਰਬਿਟਰੇਟਰ ਨੂੰ ਸਬੂਤਾਂ 'ਤੇ ਵਿਚਾਰ ਕਰਨ ਦੀ ਜ਼ਰੂਰਤ ਨਹੀਂ ਹੁੰਦੀ, ਭਾਵੇਂ ਇਹ ਤੁਹਾਡੇ ਸਬੂਤ ਪੈਕੇਜ ਵਿੱਚ ਸ਼ਾਮਲ ਹੋਣ।
- **ਇਹ ਫਰਜ਼ ਨਾ ਕਰੋ ਕਿ ਆਰਬਿਟਰੇਟਰ ਹਰ ਚੀਜ਼ ਦਾ ਮਾਹਰ** ਹੈ। ਉਹਨਾਂ ਨੂੰ ਆਪਣੇ ਸਬੂਤਾਂ ਬਾਰੇ ਵਿਸਥਾਰ ਨਾਲ ਦੱਸੋ ਅਤੇ ਸਮਝਾਓ ਕਿ ਇਹ ਉਹਨਾਂ ਦਾਅਵਿਆਂ ਦਾ ਕਿਵੇਂ ਸਮਰਥਨ ਕਰਦੇ ਹਨ ਜਿਹੜੇ ਤੁਸੀਂ ਸਾਬਤ ਕਰਨ ਦੀ ਕੋਸ਼ਿਸ਼ ਕਰ ਰਹੇ ਹੋ।
- **ਜਲਦਬਾਜ਼ੀ ਨਾ ਕਰੋ!** ਆਰਬਿਟਰੇਟਰ ਨੂੰ ਨੋਟ ਕਰਨ ਅਤੇ ਜੋ ਤੁਸੀਂ ਕਹਿ ਰਹੇ ਹੋ ਉਸ ਨੂੰ ਗ੍ਰਹਿਣ ਕਰਨ ਲਈ ਸਮਾਂ ਦਿਓ।
- ਜੇਕਰ ਤੁਸੀਂ ਕਿਸੇ ਗਵਾਹ ਤੋਂ ਪੁੱਛਗਿੱਛ ਕਰ ਰਹੇ ਹੋ, ਤਾਂ **ਪਹਿਲਾਂ ਹੀ ਖੁੱਲ੍ਹੇ ਸਵਾਲ ਤਿਆਰ ਕਰਕੇ ਰੱਖੋ** ਜਿਹੜੇ ਤੁਹਾਡੇ ਕੇਸ ਦਾ ਸਮਰਥਨ ਕਰਨ ਵਾਲੇ ਤੱਥਾਂ ਨੂੰ ਉਜਾਗਰ ਕਰਨਗੇ।

→



**ਕਿਰਾਏਦਾਰ ਕਾਰਵਾਈ ਦੀ ਨਿਰਪੱਖਤਾ ਦੇ ਹੱਕਦਾਰ ਹਨ, ਭਾਵ ਉਹਨਾਂ ਦਾ ਅਧਿਕਾਰ ਹੈ ਕਿ ਉਨ੍ਹਾਂ ਨੂੰ ਸੁਣਿਆ ਜਾਵੇ।**[2]

ਜੇਕਰ ਆਰਬਿਟਰੇਟਰ ਨੇ ਤੁਹਾਨੂੰ ਬੋਲਣ ਜਾਂ ਤੁਹਾਨੂੰ ਆਪਣੇ ਸਾਰੇ ਸਬੂਤ ਪੇਸ਼ ਕਰਨ ਦਾ ਉਚਿਤ ਮੌਕਾ ਨਹੀਂ ਦਿੱਤਾ ਹੈ, ਤਾਂ ਉਨ੍ਹਾਂ ਨੂੰ ਇਹ ਦੱਸਣਾ ਜ਼ਰੂਰੀ ਹੈ ਕਿ ਤੁਸੀਂ ਹੋਰ ਦੱਸਣਾ ਹੈ। ਤੁਸੀਂ ਸੁਣਵਾਈ ਨੂੰ "ਮੁਲਤਵੀ" ਕਰਨ ਲਈ ਕਹਿ ਸਕਦੇ ਹੋ – ਜਿਸ ਦਾ ਮਤਲਬ ਹੈ ਰੋਕਿਆ ਜਾਵੇ ਅਤੇ ਬਾਅਦ ਦੀ ਮਿਤੀ 'ਤੇ ਜਾਰੀ ਰੱਖਿਆ ਜਾਵੇ।

**ਆਰ ਟੀ ਬੀ ਦੁਆਰਾ ਸਮਝੌਤੇ ਦਾ ਬੰਦੋਬਸਤ**

ਕੁਝ ਮਾਮਲਿਆਂ ਵਿੱਚ, ਆਰ ਟੀ ਬੀ ਪੂਰੀ ਸੁਣਵਾਈ ਕਰਵਾਉਣ ਦੀ ਬਜਾਏ ਤੁਹਾਡੀ ਅਤੇ ਤੁਹਾਡੇ ਮਕਾਨ ਮਾਲਕ ਦੀ ਕਾਨੂੰਨੀ ਤੌਰ 'ਤੇ ਪਾਬੰਦ ਨਿਪਟਾਰੇ ਲਈ ਗੱਲਬਾਤ ਕਰਨ ਵਿੱਚ ਮਦਦ ਕਰਨ ਦੀ ਕੋਸ਼ਿਸ਼ ਕਰੇਗਾ।

ਕਿਸੇ ਸਮਝੌਤੇ ਲਈ ਹਾਂ ਕਹਿਣ ਲਈ ਦਬਾਅ ਮਹਿਸੂਸ ਨਾ ਕਰੋ! ਜੇਕਰ ਤੁਸੀਂ ਅਤੇ ਤੁਹਾਡਾ ਮਕਾਨ ਮਾਲਕ ਕਿਸੇ ਸਮਝੌਤੇ 'ਤੇ ਨਹੀਂ ਪਹੁੰਚ ਸਕਦੇ, ਤਾਂ ਵੀ ਤੁਹਾਨੂੰ ਸੁਣਵਾਈ ਦਾ ਮੌਕਾ ਮਿਲੇਗਾ।

# ਜੇਕਰ ਤੁਸੀਂ ਫੈਸਲੇ ਨਾਲ ਅਸਹਿਮਤ ਹੁੰਦੇ ਹੋ ਤਾਂ ਕੀ ਕਰਨਾ ਹੈ

## ਤਿਆਰ ਰਹੋ! ਫੈਸਲਾ ਲੈਣ ਲਈ ਸਾਲਸਾਂ (ਆਰਬਿਟਰੇਟਰਜ਼) ਦੇ ਤਰੀਕੇ ਵੱਖ-ਵੱਖ ਹੋ ਸਕਦੇ ਹਨ।

ਤੁਸੀਂ ਆਰ ਟੀ ਬੀ ਦੇ ਫੈਸਲੇ ਨੂੰ ਇਸ ਤਰ੍ਹਾਂ ਚੁਨੌਤੀ ਦੇ ਸਕਦੇ ਹੋ:

1. ਫਾਰਮ ਆਰ ਟੀ ਬੀ-6 "ਰੀਕੁਐਸਟ ਫਾਰ ਕੁਰੈਕਸ਼ਨ (ਸੁਧਾਰ ਲਈ ਬੇਨਤੀ) ਜਾਂ ਆਰ ਟੀ ਬੀ-38 "ਰੀਕੁਐਸਟ ਫਾਰ ਕਲੈਰੀਫੀਕੇਸ਼ਨ" (ਸਪਸ਼ਟੀਕਰਨ ਲਈ ਬੇਨਤੀ) ਪੇਸ਼ ਕਰਕੇ

   → ਜੇਕਰ ਆਰ ਟੀ ਬੀ ਦਾ ਫੈਸਲਾ ਸਪਸ਼ਟ ਨਹੀਂ ਹੈ ਜਾਂ ਇਸ ਵਿੱਚ ਕੋਈ ਗਲਤੀ ਹੈ, ਤਾਂ ਤੁਸੀਂ ਫੈਸਲਾ ਪ੍ਰਾਪਤ ਹੋਣ ਦੇ **15 ਦਿਨਾਂ** ਦੇ ਅੰਦਰ ਆਰ ਟੀ ਬੀ ਫਾਰਮ ਪੇਸ਼ ਕਰ ਸਕਦੇ ਹੋ।

2. ਆਰ ਟੀ ਬੀ ਵਿਖੇ ਰਿਵਿਊ ਕਨਸੀਡਰੇਸ਼ਨ (ਰਿਵਿਊ ਕਰਨ ਬਾਰੇ ਵਿਚਾਰਨ) ਲਈ ਅਰਜ਼ੀ ਦੇ ਕੇ

   → ਸਿਰਫ਼ ਤਾਂ ਹੀ ਜੇਕਰ ਰਿਵਿਊ ਕਰਨ ਲਈ ਤੁਹਾਡਾ ਕਾਰਨ ਰਿਹਾਇਸ਼ੀ ਕਿਰਾਏਦਾਰੀ ਐਕਟ (ਰੈਜ਼ੀਡੈਂਸ਼ੀਅਲ ਟੈਨੈਂਸੀ ਐਕਟ-ਆਰ ਟੀ ਏ) ਦੀ ਧਾਰਾ 79 ਵਿੱਚ ਸੂਚੀਬੱਧ ਹੈ।

   ਆਰ ਟੀ ਏ ਦੇ ਸੈਕਸ਼ਨ 79 ਵਿੱਚ ਸੂਚੀਬੱਧ ਹਾਲਤਾਂ ਦੇ ਆਧਾਰ 'ਤੇ ਆਰ ਟੀ ਬੀ ਰਿਵਿਊ ਕਨਸੀਡਰੇਸ਼ਨ ਲਈ ਅਰਜ਼ੀ ਦੇਣ ਲਈ ਸਮੇਂ ਦੀਆਂ ਵੱਖ-ਵੱਖ ਹੱਦਾਂ ਹਨ। ਉਦਾਹਰਨ ਲਈ, ਜੇਕਰ ਤੁਸੀਂ ਬੇਦਖਲੀ ਦੀ ਸੁਣਵਾਈ ਹਾਰ ਜਾਂਦੇ ਹੋ, ਤਾਂ ਤੁਹਾਡੇ ਕੋਲ ਅਰਜ਼ੀ ਦੇਣ ਲਈ **2 ਦਿਨ** ਹੁੰਦੇ ਹਨ।[3]

3. ਬੀ.ਸੀ. ਸੁਪਰੀਮ ਕੋਰਟ ਵਿਖੇ ਨਿਆਇਕ ਰਿਵਿਊ ਲਈ ਅਰਜ਼ੀ ਦੇ ਕੇ

   → ਜੇਕਰ ਕੋਈ ਫੈਸਲਾ "ਸਪੱਸ਼ਟ ਤੌਰ 'ਤੇ ਗੈਰ-ਵਾਜਬ" ਹੈ ਜਾਂ ਕਾਰਵਾਈ ਦੀ ਨਿਰਪੱਖਤਾ ਦੇ ਤੁਹਾਡੇ ਅਧਿਕਾਰ ਦੀ ਉਲੰਘਣਾ ਕਰਦਾ ਹੈ, ਤਾਂ ਤੁਸੀਂ ਫੈਸਲਾ ਪ੍ਰਾਪਤ ਹੋਣ ਦੇ **60 ਦਿਨਾਂ** ਦੇ ਅੰਦਰ ਨਿਆਇਕ ਰਿਵਿਊ ਲਈ ਅਰਜ਼ੀ ਦੇ ਸਕਦੇ ਹੋ।[4]

ਜੇਕਰ ਤੁਸੀਂ ਨਿਆਇਕ ਰਿਵਿਊ ਲਈ ਅਰਜ਼ੀ ਦੇਣ ਦੀ ਯੋਜਨਾ ਬਣਾ ਰਹੇ ਹੋ - ਤਾਂ **TRAC ਦੇ ਹਾਊਸਿੰਗ ਲਾਅ ਕਲੀਨਿਕ ਨਾਲ** 604-255-3099 'ਤੇ ਸੰਪਰਕ ਕਰੋ (5 ਦਬਾਓ) ਜਾਂ ਹੋਰ ਜਾਣਨ ਲਈ ਸਾਡੇ ਡ੍ਰੌਪ-ਇਨ ਸੈਂਟਰ 'ਤੇ ਜਾਓ।

**ਹੋਰ ਜਾਣਕਾਰੀ ਲਈ**

1 ਵਿਵਾਦ ਨਿਪਟਾਰਾ ਕਾਰਵਾਈ ਬਾਰੇ ਵਧੇਰੇ ਜਾਣਕਾਰੀ ਲਈ ਆਰ ਟੀ ਬੀ ਦੀ ਕਾਰਵਾਈ ਦੇ ਨਿਯਮ ਵੇਖੋ।

2 ਕਾਰਵਾਈ ਵਿੱਚ ਨਿਰਪੱਖਤਾ ਬਾਰੇ ਜਾਣਕਾਰੀ ਲਈ TRAC ਦੇ ਵੈੱਬਪੇਜ਼ "ਪਾਰਟੀਸੀਪੇਸ਼ਨ ਇਨ ਏ ਹੀਅਰਿੰਗ" (ਸੁਣਵਾਈ ਵਿੱਚ ਹਿੱਸਾ ਲੈਣਾ) ਵੇਖੋ।

3 ਵੱਖ-ਵੱਖ ਡੈੱਡਲਾਈਨਾਂ ਲਈ ਆਰ ਟੀ ਏ ਦਾ ਸੈਕਸ਼ਨ 80 ਵੇਖੋ।

4 ਨਿਆਇਕ ਰਿਵਿਊ ਕਾਰਵਾਈ ਬਾਰੇ ਹੋਰ ਜਾਣਨ ਲਈ, judicialreviewbc.ca 'ਤੇ ਜਾਓ।

TRAC ਨੂੰ ਇਹਨਾਂ ਤੋਂ ਲਗਾਤਾਰ ਸਹਾਇਤਾ ਮਿਲਦੀ ਹੈ:

Punjabi

Department of Justice Canada
Ministère de la Justice Canada

ਇਹ ਆਮ ਜਾਣਕਾਰੀ ਹੈ ਜਿਹੜੀ ਬ੍ਰਿਟਿਸ਼ ਕੋਲੰਬੀਆ, ਕੈਨੇਡਾ 'ਤੇ ਲਾਗੂ ਹੁੰਦੀ ਹੈ। TRAC ਇਸ ਗੱਲ ਦੀ ਗਰੰਟੀ ਨਹੀਂ ਦੇ ਸਕਦਾ ਕਿ ਇਹ ਵਰਤਮਾਨ ਦੀ ਹੈ ਜਾਂ ਪੂਰੀ ਹੈ। ਇਹ ਤੱਥ ਸ਼ੀਟ ਖਾਸ ਕਾਨੂੰਨੀ ਸਮੱਸਿਆਵਾਂ ਲਈ ਕਾਨੂੰਨੀ ਸਲਾਹ ਵਜੋਂ ਨਹੀਂ ਹੈ। ਆਪਣੇ ਜੋਖਮ 'ਤੇ ਵਰਤੋ ਅਤੇ ਜੇਕਰ ਤੁਹਾਨੂੰ ਕਾਨੂੰਨੀ ਸਲਾਹ ਦੀ ਲੋੜ ਹੈ ਤਾਂ ਕਿਸੇ ਵਕੀਲ ਨਾਲ ਸਲਾਹ ਕਰੋ। V1 July, 2025.